# ਪਿਆਰੇ ਵਿਦਿਆਰਥੀਓ!!



6ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

**6ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ**

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਕੰਪਿਊਟਰ ਨਾਲ ਜਾਣ ਪਛਾਣ | https://youtu.be/JIAIF6hSapc |
| ਮਈ | ਪਾਠ-2 ਕੰਪਿਊਟਰ ਦੇ ਭਾਗ | https://youtu.be/PnpwPERc5IQ |
| | ਪਾਠ-3 ਕੰਪਿਊਟਰ ਦੇ ਬੁਨਿਆਦੀ ਕੰਮ | https://youtu.be/wcP8JzqhcPI |
| ਜੁਲਾਈ | ਪਾਠ-4 ਐਮ.ਐਸ. ਪੇਂਟ | https://youtu.be/skG2Q93xYWM |
| ਅਕਤੂਬਰ | ਪਾਠ-5 ਐਮ.ਐਸ. ਪੇਂਟ ਭਾਗ-2 | https://youtu.be/MVxeAyjqNpc |
| ਨਵੰਬਰ | ਪਾਠ-6 ਹਾਰਡਵੇਅਰ ਅਤੇ ਸਾਫਟਵੇਅਰ | https://youtu.be/sONg_RSr9Q8 |
| ਦਸੰਬਰ | ਪਾਠ-7 ਇਨਪੁੱਟ ਉਪਕਰਣ | https://youtu.be/ildZLh_0QMA |
| ਜਨਵਰੀ | ਪਾਠ-8 ਆਊਟਪੁੱਟ ਉਪਕਰਣ | https://youtu.be/OUeFcH2_780 |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | |
|---|---|
| ਵਿੰਡੋਜ਼ ਨਾਲ ਜਾਣ ਪਛਾਣ (ਬੂਟਿੰਗ, ਲੋਗਇਨ, ਡੈਸਕਟਾਪ, ਸ਼ੱਟਡਾਊਨ) | https://youtu.be/OvtPBBu0nE0 |

PLEASE DO NOT FORGET TO LIKE, SHARE AND SUBSCRIBE OUR YOUTUBE CHANNEL

YouTube http://youtube.com/c/computersciencepunjab

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਉਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

## http://cspunjab.nirmancampus.co.in/study.php

## ਪਾਠ 6
## ਹਾਰਡਵੇਅਰ ਅਤੇ ਸਾਫਟਵੇਅਰ

### ਪ੍ਰਸ਼ਨ 1: ਬਹੁਪਸੰਦੀ ਪ੍ਰਸ਼ਨ

**1. ਕੰਪਿਊਟਰ ਹਾਰਡਵੇਅਰ ਅਤੇ __________ ਦਾ ਸੁਮੇਲ ਹੈ।**
ੳ) ਸਾਫਟਵੇਅਰ (Software) ਅ) ਐਪਲੀਕੇਸ਼ਨ (Application) ੲ) ਪ੍ਰੋਸੈਸਰ (Processor) ਸ) ਉਪਰੋਕਤ ਸਾਰੇ

**2. ਹਦਾਇਤਾਂ ਦੇ ਸਮੂਹ ਨੂੰ _______ ਕਿਹਾ ਜਾਂਦਾ ਹੈ।**
ੳ) ਸਾਫਟਵੇਅਰ (Software) ਅ) ਹਾਰਡਵੇਅਰ (Hardware) ੲ) ਪ੍ਰੋਗਰਾਮ (Program) ਸ) ਐਪਲੀਕੇਸ਼ਨ (Application)

**3. ਪ੍ਰੋਗਰਾਮਾਂ ਦੇ ਸਮੂਹ ਨੂੰ __________ ਕਿਹਾ ਜਾਂਦਾ ਹੈ।**
ੳ) ਸਾਫਟਵੇਅਰ (Software) ਅ) ਹਾਰਡਵੇਅਰ (Hardware) ੲ) ਪ੍ਰੋਗਰਾਮ (Program) ਸ) ਐਪਲੀਕੇਸ਼ਨ (Application)

**4. ਸਾਫਟਵੇਅਰ _____ ਕਿਸਮਾਂ ਦੇ ਹੁੰਦੇ ਹਨ।**
ੳ) 2 ਅ) 3 ੲ) 4 ਸ) 5

**5. ਕੰਪਿਊਟਰ ______ ਤੋਂ ਬਿਨਾਂ ਨਹੀਂ ਚੱਲ ਸਕਦਾ।**
ੳ) ਵਰਡ (Word ) ਅ) ਐਕਸਲ (Excel) ੲ) ਆਪ੍ਰੇਟਿੰਗ ਸਿਸਟਮ ਸ) ਪਾਵਰ ਪੁਆਇੰਟ (PowerPoint)

### ਪ੍ਰਸ਼ਨ 2: ਖਾਲੀ ਥਾਵਾਂ ਭਰੋ।

I. ___________ ਨੂੰ ਅਸੀਂ ਛੂਹ ਨਹੀਂ ਸਕਦੇ।
II. ਕੰਪਿਊਟਰ ਦੇ ਭੌਤਿਕ ਭਾਗਾਂ ਨੂੰ _______________ ਕਿਹਾ ਜਾਂਦਾ ਹੈ।
III. ________________ ਨੂੰ ਰੈਂਡਮ ਐਸੈੱਸ ਮੈਮਰੀ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ।
IV. ________________ ਸਾਫਟਵੇਅਰ ਕਿਸੇ ਖਾਸ ਕੰਮ ਨੂੰ ਕਰਨ ਲਈ ਵਰਤੇ ਜਾਂਦੇ ਹਨ।

ਉੱਤਰ: I. ਸਾਫਟਵੇਅਰ II. ਹਾਰਡਵੇਅਰ III. ਰੈਮ (RAM) IV. ਐਪਲੀਕੇਸ਼ਨ

### ਪ੍ਰਸ਼ਨ 3: ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਸੀ.ਪੀ.ਯੂ. ਦਾ ਕਿਹੜਾ ਭਾਗ ਬਾਕੀ ਸਾਰੇ ਭਾਗਾਂ ਜਿਵੇਂ ਪ੍ਰੋਸੈਸਰ, ਹਾਰਡ ਡਿਸਕ, ਰੈਮ ਆਦਿ ਨੂੰ ਜੋੜਦਾ ਹੈ?**
ਉ: ਮਦਰਬੋਰਡ

**ਪ੍ਰ:2 ਕੰਪਿਊਟਰ ਨੂੰ ਦਿੱਤੀਆਂ ਗਈਆਂ ਸਾਰੀਆਂ ਹਦਾਇਤਾਂ ਦੇ ਸਮੂਹ ਨੂੰ ਕੀ ਕਿਹਾ ਜਾਂਦਾ ਹੈ।**
ਉ: ਪ੍ਰੋਗਰਾਮ

**ਪ੍ਰ:3 ਕੰਪਿਊਟਰ ਦੇ ਕਿਹੜੇ ਭਾਗ ਨੂੰ ਛੁਹਿਆ ਨਹੀਂ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ?**
ਉ: ਸਾਫਟਵੇਅਰ

**ਪ੍ਰ:4 ਸਾਫਟਵੇਅਰ ਦੀਆਂ ਕਿਹੜੀਆਂ ਦੋ ਕਿਸਮਾਂ ਹੁੰਦੀਆਂ ਹਨ?**
ਉ: ਸਿਸਟਮ ਸਾਫਟਵੇਅਰ ਅਤੇ ਐਪਲੀਕੇਸ਼ਨ ਸਾਫਟਵੇਅਰ


**ਪ੍ਰ:5 ਕਿਸ ਕਿਸਮ ਦੇ ਸਾਫਟਵੇਅਰ ਵਧੇਰੇ ਮਹਿੰਗੇ ਹੁੰਦੇ ਹਨ?**
ਉ: ਸਿਸਟਮ ਸਾਫਟਵੇਅਰ

### ਪ੍ਰਸ਼ਨ 4: ਛੋਟੇ ਉੱਤਰਾਂ ਵਾਲੇ ਪ੍ਰਸ਼ਨ।

**ਪ੍ਰ:1 ਹਾਰਡਵੇਅਰ ਕੀ ਹੈ?**
ਉ: ਕੰਪਿਊਟਰ ਦੇ ਭੌਤਿਕ ਭਾਗਾਂ ਨੂੰ ਹਾਰਡਵੇਅਰ ਕਿਹਾ ਜਾਂਦਾ ਹੈ, ਜਿਵੇਂ ਕਿ: ਕੀਅਬੋਰਡ, ਮਾਊਸ, ਮੋਨੀਟਰ, ਪ੍ਰਿੰਟਰ ਆਦਿ। ਇਹਨਾਂ ਭਾਗਾਂ ਨੂੰ ਅਸੀਂ ਛੂਹ ਸਕਦੇ ਹਾਂ। ਇਕ ਪੂਰਾ ਕੰਪਿਊਟਰ ਸਿਸਟਮ ਇਹਨਾਂ ਭੌਤਿਕ ਭਾਗਾਂ ਨੂੰ ਮਿਲਾ ਕੇ ਹੀ ਬਣਾਇਆ ਜਾਂਦਾ ਹੈ।

**ਪ੍ਰ:2 ਸਾਫਟਵੇਅਰ ਕੀ ਹੈ?**
ਉ: ਪ੍ਰੋਗਰਾਮਾਂ ਦੇ ਸਮੂਹ ਨੂੰ ਸਾਫਟਵੇਅਰ ਕਿਹਾ ਜਾਂਦਾ ਹੈ। ਇਹਨਾਂ ਦੀ ਮਦਦ ਨਾਲ ਹੀ ਅਸੀਂ ਕੰਪਿਊਟਰ ਵਿਚ ਕੋਈ ਕੰਮ ਕਰ ਸਕਦੇ ਹਾਂ। ਇਹ ਕੰਪਿਊਟਰ ਦਾ ਉਹ ਭਾਗ ਹੁੰਦੇ ਹਨ ਜਿਸਨੂੰ ਅਸੀਂ ਛੂਹ ਨਹੀਂ ਸਕਦੇ। ਉਦਾਹਰਣ ਲਈ: ਪੇਂਟ, ਨੋਟਪੈਡ, ਵਿੰਡੋ ਆਦਿ।

**ਪ੍ਰ:3 ਮਦਰਬੋਰਡ ਨਾਲ ਜੋੜੇ ਜਾਣ ਵਾਲੇ ਯੰਤਰਾਂ ਦੇ ਨਾਂ ਲਿਖੋ।**
ਉ: ਮਦਰਬੋਰਡ ਨਾਲ ਜੋੜੇ ਜਾਣ ਵਾਲੇ ਮੁੱਖ ਯੰਤਰਾਂ ਦੇ ਨਾਂ ਇਸ ਪ੍ਰਕਾਰ ਹਨ:
- ਪ੍ਰੋਸੈਸਰ (PROCESSOR)
- ਪ੍ਰੋਸੈਸਰ ਫੈਨ (PROCESSOR FAN)
- ਰੈਮ (RAM)
- ਹਾਰਡ ਡਿਸਕ (HARD DISK)
- ਪਾਵਰ ਸਪਲਾਈ (POWER SUPPLY- SMPS)
- ਸੀ.ਡੀ./ਡੀ.ਵੀ.ਡੀ. (CD/DVD)



ਚਿੱਤਰ: ਮਦਰ ਬੋਰਡ

**ਪ੍ਰ:4 ਹਾਰਡਵੇਅਰ ਦੀਆਂ ਚਾਰ ਉਦਾਹਰਣਾਂ ਦਿਓ?**
ਉ: ਹਾਰਡਵੇਅਰ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ:
- ਕੀਅਬੋਰਡ
- ਮਾਊਸ
- ਮਾਨੀਟਰ
- ਸਪੀਕਰ
- ਸਿਸਟਮ ਯੂਨਿਟ
- ਪ੍ਰਿੰਟਰ ਆਦਿ।

**ਪ੍ਰ:5 ਸਾਫਟਵੇਅਰ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ?**

ਉ: ਸਾਫਟਵੇਅਰ ਦੀਆਂ ਵਿਸ਼ੇਸ਼ਤਾਵਾਂ ਹੇਠਾਂ ਦਿਤੀਆਂ ਗਈਆਂ ਹਨ:

1. ਸਾਫਟਵੇਅਰ ਦਾ ਭਾਰ ਨਹੀਂ ਹੁੰਦਾ।
2. ਅਸੀਂ ਇਸ ਨੂੰ ਛੂਹ ਨਹੀਂ ਸਕਦੇ।
3. ਇਹ ਹਾਰਡਵੇਅਰ ਨੂੰ ਕੰਮ ਕਰਨ ਦਾ ਹੁਕਮ ਦਿੰਦਾ ਹੈ।




**ਪ੍ਰ:6 ਹਾਰਡਵੇਅਰ ਦਾ ਧਿਆਨ ਰੱਖਣ ਲਈ ਜਰੂਰੀ ਨੁਕਤੇ ਕੀ ਹਨ?**

ਉ: ਹਾਰਡਵੇਅਰ ਦਾ ਧਿਆਣ ਰੱਖਣ ਲਈ ਕੁੱਝ ਮੁੱਖ ਜਰੂਰੀ ਨੁਕਤੇ ਇਸ ਪ੍ਰਕਾਰ ਹਨ:

1. ਕੰਪਿਊਟਰ ਦੇ ਭਾਗਾਂ ਨੂੰ ਸਾਫ ਰੱਖੋ।
2. ਚਲਦੇ ਕੰਪਿਊਟਰ ਦੇ ਭਾਗਾਂ ਨੂੰ ਸਾਫ ਨਾ ਕਰੋ।
3. ਕੀਅਬੋਰਡ ਦੀਆਂ ਕੀਅਜ਼ ਨੂੰ ਜੋਰ ਨਾਲ ਨਾ ਦਬਾਓ।
4. ਕੰਪਿਊਟਰ ਨੂੰ ਵਰਤਣ ਮਗਰੋਂ ਕਵਰ ਨਾਲ ਢੱਕ ਦਵੋ।
5. ਕੰਪਿਊਟਰ ਦੇ ਨੇੜੇ ਕੁੱਝ ਨਾ ਖਾਓ।

## ਪ੍ਰਸ਼ਨ 5: ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1 ਐਪਲੀਕੇਸ਼ਨ ਸਾਫਟਵੇਅਰ ਅਤੇ ਸਿਸਟਮ ਸਾਫਟਵੇਅਰ ਵਿੱਚ ਅੰਤਰ ਦੱਸੋ।**

ਉ: ਐਪਲੀਕੇਸ਼ਨ ਸਾਫਟਵੇਅਰ ਅਤੇ ਸਿਸਟਮ ਸਾਫਟਵੇਅਰ ਵਿਚ ਅੰਤਰ ਇਸ ਪ੍ਰਕਾਰ ਹੈ:

| | ਸਿਸਟਮ ਸਾਫਟਵੇਅਰ (System Software) | ਐਪਲੀਕੇਸ਼ਨ ਸਾਫਟਵੇਅਰ (Application Software) |
|---|---|---|
| 1 | ਇਹ ਜਰੂਰੀ ਭਾਗ ਹੁੰਦੇ ਹਨ। | ਇਹ ਗੈਰ ਜਰੂਰੀ ਭਾਗ ਹੁੰਦੇ ਹਨ। |
| 2 | ਇਹ ਬਹੁਤ ਗੁੰਝਲਦਾਰ ਹੁੰਦੇ ਹਨ। | ਇਹ ਬਹੁਤ ਹੀ ਸਾਧਾਰਨ ਹੁੰਦੇ ਹਨ। |
| 3 | ਇਹ ਮਹਿੰਗੇ ਹੁੰਦੇ ਹਨ। | ਇਹ ਸਸਤੇ ਹੁੰਦੇ ਹਨ। |
| 4 | ਇਹ ਮਾਹਿਰਾਂ ਦੁਆਰਾ ਹੀ ਬਣਾਏ ਜਾਂਦੇ ਹਨ। | ਇਹ ਘੱਟ ਮਾਹਿਰਾਂ ਦੁਆਰਾ ਵੀ ਬਣਾਏ ਜਾ ਸਕਦੇ ਹਨ। |
| 5 | ਕੰਪਿਊਟਰ ਇਸ ਤੋਂ ਬਿਨਾਂ ਕੰਮ ਨਹੀਂ ਕਰ ਸਕਦਾ। | ਕੰਪਿਊਟਰ ਇਸ ਤੋਂ ਬਿਨਾਂ ਕੰਮ ਕਰ ਸਕਦਾ ਹੈ। |
| 6. | ਉਦਾਹਰਣ: ਆਪ੍ਰੇਟਿੰਗ ਸਿਸਟਮ (Operating System) ਆਦਿ। | ਉਦਾਹਰਣ: ਪੇਂਟ (Paint), ਵਰਡ (Word), ਐਕਸਲ (Excel), ਪਾਵਰ ਪੁਆਇੰਟ (PowerPoint), ਗੇਮ (Games) ਆਦਿ। |

**ਪ੍ਰ:2 ਹਾਰਡਵੇਅਰ ਤੇ ਨੋਟ ਲਿਖੋ।**

ਉ: ਕੰਪਿਊਟਰ ਦੇ ਭੌਤਿਕ ਭਾਗਾਂ ਨੂੰ ਹਾਰਡਵੇਅਰ ਕਿਹਾ ਜਾਂਦਾ ਹੈ, ਜਿਵੇਂ ਕਿ: ਕੀਅਬੋਰਡ, ਮਾਊਸ, ਮੋਨੀਟਰ, ਪ੍ਰਿੰਟਰ ਆਦਿ। ਇਹਨਾਂ ਭਾਗਾਂ ਨੂੰ ਅਸੀਂ ਛੂਹ ਸਕਦੇ ਹਾਂ, ਮਹਿਸੂਸ ਕਰ ਸਕਦੇ ਹਾਂ ਅਤੇ ਇਹ ਭਾਗ ਥਾਂ ਘੇਰਦੇ ਹਨ। ਇਕ ਪੂਰਾ ਕੰਪਿਊਟਰ ਸਿਸਟਮ ਇਹਨਾਂ ਭੌਤਿਕ ਭਾਗਾਂ ਨੂੰ ਮਿਲਾ ਕੇ ਹੀ ਬਣਾਇਆ ਜਾਂਦਾ ਹੈ। ਇਕੱਲਾ ਹਾਰਡਵੇਅਰ ਆਪਣੇ ਆਪ ਵਿਚ ਕੋਈ ਕੰਮ ਨਹੀਂ ਕਰ ਸਕਦਾ। ਹਾਰਡਵੇਅਰ ਨੂੰ ਕੰਮ ਕਰਨ ਲਈ ਹਦਾਇਤਾਂ ਦੀ ਜਰੂਰਤ ਪੈਂਦੀ ਹੈ।




ਚਿੱਤਰ: ਕੰਪਿਊਟਰ ਸਿਸਟਮ ਦੇ ਵੱਖ-ਵੱਖ ਭੌਤਿਕ ਭਾਗ